ਜੀਵਨ - ਜਾਚ

THE ART OF LIVING

by

Preetam Singh

G. Sol



ਅੰਗ੍ਰੇਜ਼ੀ ਬੱਚਾ ਆਪਣੀ ਦਸ ਸਾਲ ਦੀ ਉਮਰ 'ਚ ਉਹ ਸਭ ਕੁਝ ਜਾਣਦਾ ਹੁੰਦਾ ਹੈ, ਜੋ ਸਾਡਾ ਬੀ.ਏ. ਪਾਸ ਕਰ ਕੇ ਵਲਾਇਤ ਗਿਆ ਵਿਦਿਆਰਥੀ। ਕਿਉਂ ? ਸਿਰਫ਼ ਇਸ ਲਈ ਕਿ ਉਸ ਦੇ ਪੜ੍ਹਨ ਲਈ ਉਸ ਦੀ ਅਕਲ ਤੇ ਤਾਲੀਮ ਮੁਤਾਬਕ ਕਿਤਾਬਾਂ ਮਿਲ ਸਕਦੀਆਂ ਹਨ। ਉਹ ਆਪਣੀ ਪ੍ਰਾਇਮਰੀ ਜਮਾਤ ਵਿਚ ਹੀ ਇਹ ਜਾਣ ਲੈਂਦਾ ਹੈ ਕਿ ਮੇਰੇ ਕੀ ਹੱਕ ਹਨ, ਦੁਨੀਆਂ ਤੇ ਫਲਾਣੀ ਫਲਾਣੀ ਸ਼ੈ ਸਾਇੰਸ ਨੇ ਲਭ ਲਈ ਹੈ ਤੇ ਫਲਾਣੀ ਫਲਾਣੀ ਲਈ ਕੋਸ਼ਸ਼ ਕਰ ਰਹੀ ਹੈ। ਦੇਸ਼ਾਂ ਦੇ ਬੰਦੇ ਕਿਦਾਂ ਰਹਿੰਦੇ ਹਨ, ਅਸੀ ਕੀ ਹਾਂ, ਸਾਡਾ ਬਾਕੀਆਂ ਨਾਲ ਕੀ ਸੰਬੰਧ ਹੈ—— ਆਦਿ। ਇਸੇ ਲਈ ਨਵੀਨ ਸਾਹਿਤਯ ਨੇ ਜਨਮ ਲਿਆ ਹੈ। ਸਾਡੀਆਂ ਕਿਤਾਬਾਂ ਦੀਆਂ ਸੀਰੀਜ਼ ਬਾਲਕ ਦੀ ਉਮਰ ਦੇ ਨਾਲ ਨਾਲ ਚਲਣਗੀਆਂ। ਅਜ ਹੀ ਸਾਡੀ ਡਾਕ-ਲਿਸਟ ਤੇ ਆਪਣੇ ਬਚੇ ਦਾ ਨਾਂ ਤੇ ਉਮਰ ਲਿਖਾ ਦਿਓ।

—/3/—

ਪ੍ਰਕਾਸ਼ਕ—

ਨਵੀਨ ਸਾਹਿਤਯ, ਅੰਮ੍ਰਿਤ ਪਾਰਕ, ਲਾਹੌਰ.

Lahore Book Shop 17/4/41

NAVIN SAHITYA SERIES NO. 1

ਜੀਵਨ-ਜਾਚ

The Art Of Living

by

ਪ੍ਰੀਤਮ ਸਿੰਘ

"ਮਨੋਰਥ"

ਪਿਆਰ ਸਾਡੇ ਵਿਵੱਰਜੱਤ, ਵਿਆਹ ਸਾਡੇ ਲਾਟਰੀਆਂ, ਮਿਲਨੇ ਸਾਡੇ ਗੁਨਾਹ, ਹਾਸੇ ਸਾਡੇ ਸ਼ਕੀਆ, ਮਖੌਲ ਸਾਡੇ ਪਾਪ, ਤੇ ਨਜ਼ਰਾਂ ਸਾਡੀਆਂ ਦੋਸ਼ੀ ਸਮਝੀਆਂ ਜਾਂਦੀਆਂ ਹਨ। 'ਨਵੀਨ ਸਾਹਿਤਜ' ਪੰਜਾਬੀ ਪੜ੍ਹਿਆਂ ਵਿਚ ਖ਼ਿਆਲਾਂ ਦਾ ਇਨਕਲਾਬ ਲਿਆਵੇਗਾ। ਪੁਰਾਣਤਾ ਦੇ ਰੋੜਿਆਂ ਨੂੰ ਯੁਵਕਾਂ ਦੀ ਤਰੱਕੀ, ਖ਼ੁਸ਼ੀ, ਤੇ ਪਿਆਰ ਦੇ ਰਾਹ ਵਿਚ ਨਹੀਂ ਰਹਿਣ ਦੇਵੇਗਾ। ਅਸੀ ਹਰ ਉਹ ਸ਼ੈ ਬੇਸੰਕੋਚ ਲਿਖਾਂਗੇ, ਜੋ ਕਿਸੇ ਵੀ ਹੋਰ ਜ਼ਬਾਨ ਵਿਚ ਹੈ। ਲਿੰਗ (Sex), ਪਿਆਰ, (Love), ਜੀਵਨ (Life), ਖ਼ਾਹਿਸ਼ਾਂ (Longings), ਆਰਟ (Art), ਫ਼ਿਲਾਸਫ਼ੀ, (Philosophy) ਐਸਟ੍ਰਾਨੋਮੀ (Astronomy), ਬਾਇਆਲੋਜੀ (Biology), ਸਾਹਿਤ (Literature), ਰਾਜਨੀਤਕ (Politics), ਮਜ਼ਹਬ (Religion), ਐਕਨੋਮਕਸ (Eonomics), ਫ਼ੈਸ਼ਨ (Fashion), ਜੁਗਰਾਫ਼ੀਆ (Geography), ਹਰ ਸ਼ੈ ਤੇ ਸਸਤਾ ਸਾਹਿਤ ਦਿਤਾ ਜਾਵੇਗਾ। ਦੁਨੀਆਂ ਦੀ ਹਰ ਵਧੀਆ ਕਿਤਾਬ ਨੂੰ ਅਸੀ ਥੋੜੇ ਸਫ਼ਿਆਂ ਵਿਚ ਦੇਣ ਦਾ ਯਤਨ ਕਰਾਂਗੇ। ਅਸੀ ਆਪ ਦੀ ਹਰ ਰਾਏ ਦਾ ਸਤਕਾਰ ਕਰਾਂਗੇ।

ਬੋਰਡ ਆਫ਼ ਐਡੀਟਰਜ਼

ਨਵੀਨ ਸਾਹਿਤਯ ਦੇ ਆ ਰਹੇ ਸਿਰ-ਲੇਖ

੧. ਬੰਦੇ ਦੀਆਂ ਕਰਾਮਾਤਾਂ—ਬਿਜਲੀ, ਟੈਲੀਫ਼ੋਨ, ਰੇਡੀਓ, ਹਵਾਈ ਜਹਾਜ਼, ਸਮੁੰਦਰੀ ਜਹਾਜ਼, ਬੇਤਾਰ, ਖੁਰਦਬੀਨ, ਦੂਰਬੀਨ, ਪ੍ਰੈਸ, ਰੇਲ, ਮੋਟਰ, ਇੰਜਨ, ਤੋਪਾਂ, ਸੁਰੰਗਾਂ, ਸਿਨਮਾ ਫ਼ਿਲਮਾਂ, ਜਾਦੂ ਮਸ਼ੀਨਾਂ—ਕਦ, ਕਦੋਂ ਤੇ ਕਿਦਾਂ ਬਣੀਆਂ ?

੨. ਦੇਸ ਤੇ ਦੇਸ਼ਾਂ ਦੇ ਵਾਸੀ—੧. ਅਰਬ ਜਿਥੇ ਕਈ ਸਦੀਆਂ ਬਾਰਸ਼ ਨਹੀਂ ਹੋਂਦੀ। ੨. ਸਾਇਬੇਰੀਆ ਜਿਥੇ ਸੌ ਮੀਲ ਵਿਚ ਇਕ ਆਦਮੀ ਵਸਦਾ ਹੈ। ੩. ਸਿਖਰ ਦੇਸ਼ (North & South Poles) ਜਿਥੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਰਹਿੰਦੀ ਹੈ। ੪. ਤਿਬਤ ਜਿਥੇ ਮਨੁਖ ਸਾਰੀ ਉਮਰ ਵਿਚ ਕਦੀ ਨਹੀਂ ਨ੍ਹਾਉਂਦੇ। ੫. ਮਧ-ਅਫ਼ਰੀਕਾ—ਜਿਥੋਂ ਦੇ ਵਾਸੀਆਂ ਨੇ ਉਮਰ ਭਰ ਸੂਰਜ ਨਹੀਂ ਤਕਿਆ ਹੋਂਦਾ। ੬. ਜਾਪਾਨ ਜਿਥੇ ਜ਼ਮੀਨ ਦਾ ਇਕ ਇੰਚ ਵੀ ਫ਼ਾਲਤੂ ਨਹੀਂ। ੭. ਅਮਰੀਕਾ ਜਿਥੇ ਕਿਸੇ ਮਜ਼ਦੂਰ ਨੂੰ ਵੀ ਚਾਰ ਸੌ ਰੁਪੈ ਤੋਂ ਘਟ ਤਨਖ਼ਾਹ ਨਹੀਂ ਮਿਲਦੀ। ੮. ਤੁਰਕਸਤਾਨ ਜਿਥੇ ਕਤਲ ਕੋਈ ਜੁਰਮ ਨਹੀਂ। ੯. ਆਸਟ੍ਰੇਲੀਆ ਜਿਥੇ ਕਣਕ ਬਾਲਣ ਦੇ ਕੰਮ ਆਉਂਦੀ ਹੈ—ਤੇ ਹੋਰ ਦੁਨੀਆਂ ਦੇ ਕਈ ਟਾਪੂਆਂ, ਮੁਲਕਾਂ ਤੇ ਪਹਾੜਾਂ, ਝੀਲਾਂ, ਦਰਿਆਵਾਂ ਦੀ ਵਾਕਫ਼ੀਅਤ।

੩. ਦੂਜੀ ਦੁਨੀਆਂ—ਚੰਨ, ਤਾਰੇ, ਸੂਰਜ ਤੇ ਹੋਰ ਹਵਾ, ਪਾਣੀ, ਮੀਂਹ, ਖ਼ੁਰਾਕ ਤੇ ਮੌਤ ਤੇ ਮਨੁਖ ਦਾ ਕਾਬੂ।

੪. ਸ਼ੇਕਸਪੀਅਰ—ਉਸ ਦਾ ਜੀਵਨ ਤੇ ਉਸ ਦੇ ਮਸ਼ਹੂਰ ਅਠਾਂ ਡਰਾਮਿਆਂ ਦੀਆਂ ਕਹਾਣੀਆਂ।

੫. ਪੜ੍ਹਿਆ ਲਈ ਕੁਝ ਗੱਲਾਂ—(Some Talks to Talk in the Sociaty) ਤੇ ਹੋਰ ਲੇਖਾਂ ਦੀ ਸੂਚੀ ਪਤ੍ਰ ਮੁਫ਼ਤ ਮੰਗਾਓ।

ਜੀਵਨ-ਜਾਚ ਦੀ ਲੋੜ

ਪਾਰ ਦੇ ਮੁਲਕਾਂ (Foreign Countries) ਵਿਚ ਜੀਵਨ ਇਕ ਉਨਰ (Art) ਬਣ ਚੁਕਾ ਹੈ। ਲਖਾਂ ਕਤਾਬਾਂ, ਇਸ ਵਿਸ਼ੇ ਉਤੇ ਆ ਰਹੀ ਪੀੜ੍ਹੀ (Generation) ਲਈ ਲਿਖੀਆਂ ਜਾ ਰਹੀਆਂ ਹਨ। ਸਾਡੇ ਦੇਸ਼ ਵਿਚ ਜੀਵਨ ਨੂੰ ਇਕ ਝੱਟ ਟਪਾਣਾਂ ਸਮਝਿਆ ਜਾਂਦਾ ਹੈ। ਜਿਵੇਂ ਗੁਜ਼ਰ ਗਿਆ ਭਲਾ ਹੋਇਆ। ਪੜ੍ਹਿਆਂ ਵੀ ਮਰ ਜਾਣਾ ਤੇ ਅਨਪੜ੍ਹਾਂ ਵੀ; ਫਿਰ ਦਿਮਾਗ਼ ਖ਼ੋਰੀ ਕਿਉਂ ? ਜੇ ਦਸਵੀਂ ਪਾਸ ਕਰ ਕੇ ਮੁੰਡੇ ਨੂੰ ਨੌਕਰੀ ਮਿਲਦੀ ਹੈ, ਤਾਂ ਅਗੋਂ ਪੜ੍ਹਾਈ ਦਾ ਕੀ ਲਾਭ ? ਭਾਵੇਂ ਬੇਲੋੜੀਆਂ ਰਸਮਾਂ, ਢੰਗਾਂ, ਮੇਲਿਆਂ, ਤੇ ਵਗਾਰਾਂ ਤੇ ਹਜ਼ਾਰਾਂ ਰੁਪੈ ਜ਼ਾਇਆ ਕਰ ਦਈਏ, ਅਸਾਂ ਕਦੇ ਸੁਭਾਵਕ ਤੌਰ ਤੇ ਵੀ ਨਹੀਂ ਸੋਚਿਆ ਕਿ ਸਾਡੇ ਸਮਾਜਕ ਰਥ ਦੇ ਕਿਸ ਜੋੜ ਚੋਂ ਆਵਾਜ਼ਾਂ ਨਿਕਲ ਰਹੀਆਂ ਹਨ। ਬਘੀ ਆਪਣੇ ਭਾਰ ਨਾਲ ਹੀ ਤਾਂ ਕਿਧਰੇ ਉਲਰ ਉਲਰ ਨਹੀਂ ਪੈਂਦੀ ? ਖ਼ੈਰ ! ਸਾਂਝਾ ਕੰਮ ਤਾਂ ਹੋਇਆ, ਸਾਡੀਆਂ ਨਜ਼ਰਾਂ ਵਿਚ ਵਗਾਰ, ਅਸਾਂ ਕਦੀ ਜ਼ਾਤੀ ਫ਼ਾਇਦੇ ਤੇ ਸੁਖਾਂ ਲਈ ਵੀ ਸੋਚਣ ਦੀ ਖੇਚਲ ਨਹੀਂ ਕੀਤੀ।

ਤੇ ਜੇ ਕਦੀ ਕਿਸੇ ਨੇ ਕੋਈ ਨਿਮਾਣੀ ਜਹੀ ਕੋਸ਼ਸ਼ ਕੀਤੀ ਵੀ ਹੋਵੇ ਤਾਂ "ਸਾਡੇ ਮੁਲਕ ਨੂੰ ਬਾਹਰ ਦੀਆਂ ਗਲਾਂ ਨਹੀਂ ਪਚਦੀਆਂ" ਦਾ ਝੰਡਾ ਉਸ ਦੀ ਮੁਖ਼ਾਲਫ਼ਤ ਲਈ ਖੜਾ ਕਰ ਦਿਤਾ ਜਾਂਦਾ ਹੈ। ਹਾਂ ਹੈ ਵੀ ਸਹੀ, ਇਹ ਦੇਸ਼ ਹੋਇਆ ਪੀਰਾਂ, ਫ਼ਕੀਰਾਂ, ਪੈਗ਼ੰਬਰਾਂ, ਧਰਮਸਾਲਾਂ ਤੇ ਮੰਦਰਾਂ ਦਾ। ਇਥੇ ਦੁਨਿਆਵੀ ਪਦਾਰਥਾਂ ਦੀ ਕੀ ਲੋੜ ? ਭੁਖ ਵਿਚ ਰਬ ਜੂ ਬਹੁਤਾ ਚੇਤੇ ਆਉਂਦਾ ਹੋਇਆ ਤੇ ਇਹੋ ਹੀ ਸਾਡੀ ਜ਼ਿੰਦਗੀ ਦਾ ਮਨੋਰਥ ਹੋਇਆ। ਝੂਠ, ਫ਼ਰੇਬ, ਕੁਸੱਤ ਤਾਂ ਅਸੀ ਇਸ ਲਈ ਬੋਲਦੇ ਹਾਂ ਕਿ ਉਸ ਦੇ ਨਾਲ ਰੋਟੀ ਕਮਾ ਕੇ ਇਸ ਮਿੱਟੀ ਦੇ ਢਾਂਚੇ ਨੂੰ ਰੱਬ ਦੀ ਅਰਾਧਨਾਂ ਲਈ ਜੀਉਂਦਾ ਰਖੀਏ। ਅਸੀ ਕਦੋਂ ਮਹਿਸੂਸ ਕਰਾਂਗੇ ਕਿ ਗੁਰੂ ਗੋਬਿੰਦ ਸਿੰਘ ਜੀ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.